3

# ਮਸੀਹ ਵਿਚ ਜੀਣਾ

*''ਮੁਬਾਰਕ ਹੋਵੇ ਸਾਡੇ ਪ੍ਰਭੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਮਸੀਹ ਵਿਚ ਸੁਰਗੀ ਥਾਵਾਂ ਸਾਨੂੰ ਬਰਕਤ ਦਿੱਤੀ'' (ਅਫ਼ਸੀਆਂ 1:3)।*

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਵਿਆਹ ਵੇਲੇ ਔਰਤ ਮਰਦ ਵੱਲੋਂ ਇਕ ਦੂਜੇ ਨੂੰ ਅੰਗੂਠੀ ਪਾਉਣ ਦੀ ਰਸਮ ਉਨ੍ਹਾਂ ਦੀ ਇਕ ਦੂਜੇ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਵਾਇਦੇ ਨਿਭਾਉਣ ਨੂੰ ਵਿਖਾਉਣ ਵਾਲਾ ਨਿਸ਼ਾਨ ਨਿੱਕਾ ਜਿਹਾ ਹੈ (ਤੇ ਆਮ ਤੌਰ ਤੇ ਮਹਿੰਗਾ ਵੀ ਹੁੰਦਾ ਹੈ), ਪਰ ਇਸਦਾ ਅਰਥ ਜ਼ਿੰਦਗੀ ਭਰ ਦਾ ਵਾਅਦਾ ਹੈ। ਵਿਆਹ ਦੀ ਇਹ ਛੋਟੀ ਜਿਹੀ ਨਿਸ਼ਾਨੀ ਸਾਨੂੰ ਯਾਦ ਕਰਵਾਉਂਦੀ ਹੈ ਕਿ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਕਈ ਵਾਰ ਬਹੁਤ ਮਹੱਤਤਾ ਵਾਲੇ ਸੰਦੇਸ਼ ਹੁੰਦੇ ਹਨ।

ਨਵੇਂ ਨੇਮ ਦੇ ਦੋ ਸ਼ਬਦਾਂ ਦਾ ਵਾਕ ਅੰਸ਼ ''ਮਸੀਹ ਵਿਚ'' ਜੋ ਕਦੇ-ਕਦੇ ਨਜ਼ਰਅੰਦਾਜ਼ ਹੁੰਦਾ ਹੈ, ਬੜਾ ਅਰਥ ਭਰਿਆ ਹੈ। ਇਹ ਰੂਹਾਨੀ ਅਰਥ ਦੇ ਬਗ਼ੈਰ ਤਾਂ ਹੁੰਦਾ ਹੀ ਨਹੀਂ ਹੈ। ਇਸਨੂੰ ''ਮਸੀਹ ਵਿਚ'' (ਰੋਮੀਆਂ 12:5), ''ਮਸੀਹ ਯਿਸੂ ਵਿਚ'' (ਰੋਮੀਆਂ 3:24), ''ਸਾਡੇ ਪ੍ਰਭੂ ਯਿਸੂ ਮਸੀਹ ਵਿਚ'' (ਰੋਮੀਆਂ 8:39); ''ਉਸ ਵਿਚ'' (2 ਕੁਰਿੰਥੀਆਂ 5:21), ''ਪ੍ਰਭੂ ਯਿਸੂ ਵਿਚ'' (ਰੋਮੀਆਂ 14:14); ''ਪ੍ਰਭੂ ਵਿਚ'' (1 ਕੁਰਿੰਥੀਆਂ 4:17); ''ਉਸ ਦੇ ਪੁੱਤਰ ਵਿਚ'' (1 ਯੂਹੰਨਾ 5:11), ''ਯਿਸੂ ਵਿਚ'' (ਅਫ਼ਸੀਆਂ 4:21), ''ਉਸ ਵਿਚ'' (ਅਫ਼ਸੀਆਂ 4:15), ''ਜਿਸ ਵਿਚ'' (ਅਫ਼ਸੀਆਂ 2:21), ''ਪ੍ਰਭੂ ਯਿਸੂ ਮਸੀਹ ਵਿਚ'' (2 ਥੱਸਲੁਨੀਕੀਆਂ 3:12), ''ਯਿਸੂ ਵਿਚ'' (1 ਥੱਸਲੁਨੀਕੀਆਂ 4:14) ਜਾਂ ''ਉਸਦੇ ਪੁੱਤਰ ਯਿਸੂ ਮਸੀਹ ਵਿਚ'' (1 ਯੂਹੰਨਾ 5:20) ਆਖਿਆ ਜਾ ਸਕਦਾ ਹੈ; ਪਰ ਇਸ ਦੇ ਧਰਮ ਸ਼ਾਸਤਰੀ ਅਰਥਾਂ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਇਸ ਅਰਥ ਵਿਚ ਮਸੀਹ ਨਾਲ ਮੇਲ ਦਾ ਸੁਝਾਅ ਦਿੱਤਾ ਜਾਂਦਾ ਹੈ, ਜੋ ਕਿ ਮਸੀਹ ਦੇ ਰੂਹਾਨੀ ਬਦਨ ਵਿਚ ਬਣੇ ਰਹਿਣਾ ਹੈ। ਇਸ ਲਈ ਇਸਦੇ ਰੂਹਾਨੀ ਅਰਥਾਂ ਨੂੰ ਅਣਡਿੱਠਾ ਕਰਕੇ ਅਸੀਂ ਕਲੀਸੀਆ ਵਿਚ ਖ਼ੁਦਾ ਦੀ ਯੋਜਨਾ ਦੇ ਅਰਥ ਅਤੇ ਉਸਦੀ ਅਹਿਮੀਅਤ ਨੂੰ ਨਹੀਂ ਸਮਝ ਸਕਦੇ।

ਨਵੇਂ ਨੇਮ ਦੇ ਲੇਖਾਂ ਵਿਚ ''ਮਸੀਹ ਵਿਚ'' ਅਤੇ ''ਕਲੀਸੀਆ ਵਿਚ'' ਦੋਹਾਂ ਵਾਕ ਅੰਸ਼ਾਂ ਦਾ ਇੱਕੋ ਅਰਥ ਮਿਲਦਾ ਹੈ। ਯਿਸੂ ਦੀ ਮਹਿਮਾ ਦਾ ਬਿਆਨ ਅਤੇ ਇਹ ਤਸਦੀਕ ਕਰਦਿਆਂ ਕਿ ਖ਼ੁਦਾ ਨੇ ਸਭ ਕੁਝ ਉਹਦੇ ਪੈਰਾਂ ਹੇਠ ਕਰ ਦਿੱਤਾ ਹੈ ਅਤੇ ਉਸਨੂੰ ਸਭ ਚੀਜ਼ਾਂ ਤੇ ਸਿਰ ਬਣਨ ਲਈ ''ਕਲੀਸੀਆ ਨੂੰ'' ਦੇ ਦਿੱਤਾ ਹੈ, ਪੌਲੁਸ ਨੇ ਕਿਹਾ ਕਿ ਕਲੀਸੀਆ ''ਉਸ ਦੀ ਦੇਹ ਹੈ ਅਰਥਾਤ ਉਸਦੀ ਭਰਪੂਰੀ ਜਿਹੜਾ ਸਭਨਾਂ ਵਿਚ ਸਭੋ ਕੁਝ ਕਰਦਾ ਹੈ'' (ਅਫ਼ਸੀਆਂ 1:22, 23)। ਪੌਲੁਸ ਅਨੁਸਾਰ, ਕਲੀਸੀਆ ਮਸੀਹ ਦੀ ਦੇਹ ਹੈ, ਇਸ ਲਈ ''ਮਸੀਹ ਵਿਚ'' ਹੋਣ ਤੋਂ ਭਾਵ ਮਸੀਹ ਦੀ ਕਲੀਸੀਆ ਵਿਚ ਹੋਣਾ ਹੈ।

ਨਵੇਂ ਨੇਮ ਵਿਚ ਵਾਕ ਅੰਸ਼ਾਂ ''ਮਸੀਹ ਵਿਚ'' ਜਾਂ ਇਹੋ ਜਿਹੇ ਸ਼ਬਦਾਂ ਨੂੰ ਲੱਭਦਿਆਂ (ਖ਼ਾਸ ਕਰਕੇ ਪੌਲੁਸ ਦੇ ਲੇਖਾਂ ਵਿਚ) ਸਾਨੂੰ ਕਲੀਸੀਆ ਦਾ ਹੈਰਾਨ ਕਰਨ ਵਾਲਾ ਧਰਮ ਸ਼ਾਸਤਰੀ ਅਰਥ ਅਤੇ ਉਸ ਨਾਲ *ਸਾਡੇ* ਸਬੰਧਾਂ ਦਾ ਪਤਾ ਲਗਦਾ ਹੈ।[1] ਇਸ ਤੇ ਧਿਆਨ ਨਾਲ ਵਿਚਾਰ ਕਰਨ ਤੇ ਸਾਨੂੰ ਉਹਦੀ ਦੇਹ ਵਿਚ ਮਿਲਣ ਵਾਲੀਆਂ ਉੱਤਮ ਰੂਹਾਨੀ ਬਰਕਤਾਂ ਪ੍ਰਭਾਵਿਤ ਕਰਦੀਆਂ ਹਨ। ਇਸ ਵਾਕ ਅੰਸ਼ ਦਾ

ਅਰਥ ਸਮਝੇ ਬਗ਼ੈਰ ਮਸੀਹ ਦੀ ਕਲੀਸੀਆ ਦਾ ਮੈਂਬਰ ਬਣਨ ਦੇ ਬਾਈਬਲ ਦੇ ਵਿਚਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

## ਵਿਸ਼ੇਸ਼ ਅਧਿਕਾਰ ਦਾ ਥਾਂ

ਪਹਿਲਾਂ ''ਮਸੀਹ ਵਿਚ'' ਵਾਕ ਅੰਸ਼ ਉਸ ਵਿਸ਼ੇਸ਼ ਅਧਿਕਾਰ ਬਾਰੇ ਦੱਸਦਾ ਹੈ ਜੋ ਪ੍ਰਭੂ ਦੀ ਕਲੀਸੀਆ ਦੇ ਮੈਂਬਰਾਂ ਨੂੰ ਮਿਲਦਾ ਹੈ। ''ਮਸੀਹ ਵਿਚ'' ਖ਼ੁਦਾ ਦੇ ਚੁਣੇ ਹੋਏ ਲੋਕ ਹਨ।

ਅਫ਼ਸੀਆਂ 1:3-14 ਦੀ ਵਿਸਤਾਰ ਵਿਚ ਉਸਤਤ ਵਿਚ ਪੌਲੁਸ ਨੇ ''ਮਸੀਹ ਵਿਚ'' ਚੁਣਿਆ ਹੋਇਆ ਨੂੰ ਬਣਾਉਣ ਲਈ ਖ਼ੁਦਾ ਦੀ ਮਹਿਮਾ ਕੀਤੀ:

> ''ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁੱਖ ਪ੍ਰੇਮ ਵਿਚ ਪਵਿੱਤਰ ਅਤੇ ਨਿਰਮਲ ਹੋਈਏ। ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤਰ ਹੋਣ ਨੂੰ ਅੱਗੋਂ ਹੀ ਠਹਿਰਾਇਆ। ਭਈ ਉਹ ਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿਚ ਸਾਨੂੰ ਬਖ਼ਸ਼ ਦਿੱਤੀ'' (ਅਫ਼ਸੀਆਂ 1:4-6)।

ਪੌਲੁਸ ਲੋਕਾਂ ਦੇ ਪਹਿਲਾਂ ਤੋਂ ਚੁਣੇ ਜਾਣ ਯਾਨੀ ਕਿਸੇ ਦਾ ਛੁਟਕਾਰਾ ਹੋਣ ਅਤੇ ਕਿਸੇ ਦੇ ਨਾਮ ਹੋਣ ਲਈ ਪਹਿਲਾਂ ਤੋਂ ਚੁਣੇ ਜਾਣ ਦੀ ਗੱਲ ਦਾ ਜ਼ਿਕਰ ਕਰ ਰਿਹਾ ਸੀ। ਉਹ ਉਨ੍ਹਾਂ ਸਾਰੇ ਲੋਕਾਂ ਨੂੰ ਬਚਾਉਣ ਦੀ ਖ਼ੁਦਾ ਦੀ ਪਹਿਲਾਂ ਤੋਂ ਨਿਰਧਾਰਿਤ ਤੇ ਅਨੋਖੀ ਗੱਲ ਵੱਲ ਧਿਆਨ ਦੁਆ ਰਿਹਾ ਸੀ, ਜਿਨ੍ਹਾਂ ਨੇ ਮਸੀਹ ਦੇ ਕੋਲ ਆ ਕੇ ਈਮਾਨ ਨਾਲ ਉਹਦੀ ਗੱਲ ਮੰਨਣੀ ਸੀ। ਜਿਹਨੂੰ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਖ਼ੁਦਾ ਨੇ ਚੁਣ ਲਿਆ ਸੀ ਕਿ ਮਸੀਹ ਦੀ ਦੇਹ ਵਿਚ ਆਉਣ ਵਾਲਿਆਂ ਨੂੰ ਉਹ ਆਪਣੀ ਸੰਤਾਨ ਦੇ ਰੂਪ ਵਿਚ ਗੋਦ ਲਏਗਾ।

ਖ਼ੁਦਾ ਦੀ ਇਸ ਪਸੰਦ ਵਿਚ ਮਨੁੱਖ ਦੀ ਅਜ਼ਾਦ ਇੱਛਾ ਨਾਲ ਕੋਈ ਟਕਰਾਉ ਨਹੀਂ ਹੈ। ਸਗੋਂ ਇਸ ਨਾਲ ਮਨੁੱਖਾਂ ਨੂੰ ਚੁਣੇ ਹੋਇਆਂ ਵਿਚੋਂ ਚੁਣੇ ਜਾਣ ਦੀ ਅਜ਼ਾਦੀ ਦਿੱਤੀ ਜਾਂਦੀ ਹੈ। ਖ਼ੁਦਾ ਨੇ ਪਹਿਲਾਂ ਹੀ ਮਸੀਹ ਦੀ ਦੇਹ ਦਾ ਛੁਟਕਾਰਾ ਕਰਨਾ ਚੁਣ ਲਿਆ ਹੈ, ਪਰ ਮਨੁੱਖ ਲਈ ਉਸ ਦੇਹ ਵਿਚ ਆਉਣਾ ਅਤੇ ਉਸ ਵਿਚ ਰਹਿਣ ਲਈ ਚੁਣਨਾ ਜ਼ਰੂਰੀ ਹੈ।

ਨੂਹ ਨੂੰ ਬਚਾਉਣ ਲਈ ਖ਼ੁਦਾ ਨੇ ਇਕ ਥਾਂ ਦੀ ਚੋਣ ਕੀਤੀ ਸੀ (ਉਤਪਤ 7:1), ਪਰ ਨੂਹ ਅਤੇ ਉਹਦੇ ਪਰਿਵਾਰ ਲਈ ਉਸ ਵਿਚ ਦਾਖ਼ਲ ਹੋ ਕੇ ਰਹਿਣਾ ਜ਼ਰੂਰੀ ਸੀ (ਉਤਪਤ 7:7)। ਉਸ ਜਹਾਜ਼ ਵਿਚ ਨੂਹ ਅਤੇ ਉਹਦੇ ਪਰਿਵਾਰ ਨੂੰ ਖ਼ਾਸ ਅਧਿਕਾਰ ਮਿਲਿਆ ਸੀ। ਸੰਸਾਰ ਦੇ ਸਾਰੇ ਲੋਕਾਂ ਵਿਚੋਂ, ਸਿਰਫ਼ ਨੂਹ ਅਤੇ ਉਹਦੀ ਪਤਨੀ, ਉਹਦੇ ਪੁੱਤਰ ਤੇ ਉਹਦੀਆਂ ਨੂੰਹਾਂ ਹੀ ਜਹਾਜ਼ ਵਿਚ ਸਨ, ਜਿਨ੍ਹਾਂ ਨੂੰ ਖ਼ੁਦਾ ਨੇ ਚੁਣਿਆ ਸੀ, ਯਾਨੀ ਉਹ ਖ਼ੁਦਾ ਦੀ ਕਿਰਪਾ ਅਤੇ ਸੰਭਾਲ ਨਾਲ ਸੁਰੱਖਿਅਤ ਸਨ।

ਕਿਸੇ ਨੇ ਕਿਹਾ ਹੈ ਕਿ ਸੁਰਗ ਵਿਚ ਜਾਣ ਵੇਲੇ ਸਾਨੂੰ ਦਰਵਾਜ਼ੇ ਤੇ ਇਕ ਬਹੁਤ ਵੱਡਾ ਬੋਰਡ ਵਿਖਾਈ ਦੇਵੇਗਾ। ਬੋਰਡ ਤੇ ਇਹ ਸ਼ਬਦ ਲਿਖੇ ਹੋਣਗੇ ''ਮੇਰੇ ਕੋਲ ਆਓ।'' ਸੁਰਗ ਵਿਚ ਦਾਖ਼ਲ ਹੋਣ ਤੇ ਅਸੀਂ ਉਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਛੁਟਕਾਰੇ ਲਈ ਪ੍ਰਭੂ ਦੇ ਸੱਦੇ ਅਤੇ ਉਸਨੂੰ ਕਬੂਲ ਕਰਨ ਦੀ ਹਰ ਇਨਸਾਨ ਦੀ ਆਪਣੀ ਇੱਛਾ ਲਈ ਖ਼ੁਦਾ ਦੀ ਇੱਛਿਆ ਤੇ ਵਿਚਾਰ ਕਰਾਂਗੇ। ਸੁਰਗ ਵਿਚ ਦਾਖ਼ਲ ਹੋਣ ਦੇ ਬਾਦ, ਅਸੀਂ ਉਸ ਬੋਰਡ ਦੇ ਪਿੱਛੇ ਪੜ੍ਹਾਂਗੇ, ਜਿੱਥੇ ਲਿਖਿਆ ਹੋਵੇਗਾ: ''ਖ਼ੁਦਾ ਦੇ ਚੁਣੇ ਹੋਏ!'' ਫਿਰ ਉਹ ਸੰਸਾਰ ਦੀ ਰਚਨਾ ਤੋਂ ਪਹਿਲਾਂ ਮਸੀਹ ਦੀ ਦੇਹ ਦੇ ਛੁਟਕਾਰੇ ਦੀ ਖ਼ੁਦਾ ਦੀ ਪਸੰਦ ਅਤੇ ਅਤੋਲ ਖ਼ਾਸ ਅਧਿਕਾਰ ਤੇ

ਵਿਚਾਰ ਕਰਾਂਗੇ ਜੋ ਖ਼ੁਦਾ ਨੇ ਉਸ ਦੇਹ ਵਿਚ ਦਾਖ਼ਲ ਹੋਣ ਵਾਲਿਆਂ ਲਈ ਰੱਖਿਆ ਹੈ।

ਕੋਈ ਵੀ ਜੋ ਮਸੀਹ ਦੀ ਦੇਹ, ਯਾਨੀ ਖ਼ੁਦਾ ਦੀ ਪਸੰਦ ਦੇ ਥਾਂ ਵਿਚ ਦਾਖ਼ਲ ਹੁੰਦਾ ਹੈ। ਖ਼ੁਦਾ ਨੇ ਮੁਕਤੀ ਦਾ ਥਾਂ ਚੁਣ ਲਿਆ ਹੈ, ਪਰ ਉਸ ਥਾਂ ਵਿਚ ਦਾਖ਼ਲ ਹੋਣਾ ਅਤੇ ਉਸ ਵਿਚ ਬਣੇ ਰਹਿਣਾ ਸਾਨੂੰ ਚੁਣਨਾ ਪਏਗਾ। ਜਦ ਅਸੀਂ ਮਸੀਹ ਦੀ ਦੇਹ ਵਿਚ ਸ਼ਾਮਲ ਹੋਣਾ ਚੁਣਦੇ ਹਾਂ, ਤਾਂ ਖ਼ੁਦਾ ਸਾਨੂੰ ਆਪਣੀ ਸੰਤਾਨ ਅਤੇ ਆਪਣੇ ਵਾਅਦਿਆਂ ਮੁਤਾਬਿਕ ਚੁਣ ਲੈਂਦਾ ਹੈ।

## ਉਪਾਅ ਦੀ ਥਾਂ

''ਮਸੀਹ ਵਿਚ'' ਆਉਣ ਵਾਲੇ ਇਨਸਾਨ ਦੀ ਵਿਸ਼ੇਸ਼ ਅਧਿਕਾਰ ਦੇ ਥਾਂ ਵਿਚ ਹੋਣ ਤੋਂ ਇਲਾਵਾ, ਖ਼ੁਦਾ ਦੇ ਭਰਪੂਰ ਰੂਹਾਨੀ ਇੰਤਜ਼ਾਮਾਂ ਤਕ ਵੀ ਪਹੁੰਚ ਹੁੰਦੀ ਹੈ। ਪੌਲੁਸ ਨੇ ਲਿਖਿਆ ਹੈ ਕਿ ਮਸੀਹ ਦੀ ਦੇਹ ''ਉਸਦੀ ਭਰਪੂਰੀ ਜਿਹੜਾ ਸਭਨਾਂ ਵਿਚ ਸੱਭੋ ਕੁਝ ਕਰਦਾ ਹੈ'' (ਅਫ਼ਸੀਆਂ 1:23)। ਉਸ ਨੇ ਅੱਗੇ ਆਖਿਆ ਹੈ, ''ਕਿਉਂ ਜੋ ਪਿਤਾ ਨੂੰ ਇਹ ਭਾਇਆ ਜੋ ਸਾਰੀ ਸੰਪੂਰਨਤਾਈ ਉਸ ਵਿਚ ਵੱਸੇ'' (ਕੁਲੁੱਸੀਆਂ 1:19)। ਇਸ ਤਰ੍ਹਾਂ ਉਸਨੇ ਕਿਹਾ, ''ਅਤੇ ਤੁਸੀਂ ਸਾਰੇ ਉਸ ਵਿਚ ਸੰਪੂਰਨ ਹੋ ਗਏ ਹੋ'' (ਕੁਲੁੱਸੀਆਂ 2:10)।

ਹਰ ਰੂਹਾਨੀ ਬਰਕਤ ਜੋ ਖ਼ੁਦਾ ਸਾਡੇ ਲਈ ਦਿੰਦਾ ਹੈ ''ਮਸੀਹ ਵਿਚ'' ਹੀ ਮਿਲਦੀ ਹੈ। ਅਫ਼ਸੀਆਂ 1 ਵਿਚ ਤਾਰੀਫ਼ ਦੇ ਗੀਤ ਨੂੰ ਸ਼ੁਰੂ ਕਰਦਿਆਂ ਪੌਲੁਸ ਨੇ, ਇੱਕੋ ਵਾਕ ਵਿਚ ਉਹ ਸਭ ਕੁਝ ਕਹਿ ਦਿੱਤਾ ਜੋ ਖ਼ੁਦਾ ਨੇ ਮਸੀਹ ਵਿਚ ਸਾਡੇ ਲਈ ਕੀਤਾ ਹੈ: ''ਮੁਬਾਰਕ ਹੋਵੇ ਸਾਡੇ ਪ੍ਰਭੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਮਸੀਹ ਵਿਚ ਸੁਰਗੀ ਥਾਵਾਂ ਵਿਚ ਸਾਨੂੰ ਹਰ ਤਰ੍ਹਾਂ ਦੀ ਬਰਕਤ ਦਿੱਤੀ'' (ਅਫ਼ਸੀਆਂ 1:3)। ਪੌਲੁਸ ਦੀ ''ਹਰ ਤਰ੍ਹਾਂ ਦੀ'' ਵਾਕ ਅੰਸ਼ ਦਾ ਅਰਥ ਵਿਆਪਕ ਹੈ। ਪਰ ਮਸੀਹ ਵਿਚ ਆਏ ਬਗ਼ੈਰ ਅਤੇ ਉਸ ਦੀ ਗੱਲ ਮੰਨੇ ਬਗ਼ੈਰ ਖ਼ੁਦਾ ਦੇ ਛੁਟਕਾਰੇ ਤੇ ਉਸਦੇ ਰੂਹਾਨੀ ਉਪਾਅ ਨੂੰ ਨਹੀਂ ਪਾਇਆ ਜਾ ਸਕਦਾ।

ਉਨ੍ਹਾਂ ਬਰਕਤਾਂ ਤੇ ਵਿਚਾਰ ਕਰੋ ਜੋ ਸਾਨੂੰ ''ਮਸੀਹ ਵਿਚ'' ਮਿਲਦੀਆਂ ਹਨ। ਸਭ ਤੋਂ ਪਹਿਲਾਂ ''ਮਸੀਹ ਵਿਚ'' *ਮੁਕਤੀ* ਨਾਲ ਜੁੜੀਆਂ ਬਰਕਤਾਂ ਮਿਲਦੀਆਂ ਹਨ। ''ਉਸ ਵਿਚ'' ਸਾਨੂੰ ਮਾਫ਼ੀ ਮਿਲਦੀ ਹੈ: ''ਜਿਹ ਦੇ ਵਿਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ'' (ਅਫ਼ਸੀਆਂ 1:7)। ''ਮਸੀਹ ਵਿਚ'' ਅਸੀਂ ਨਵੀਂ ਸਿਰਜਣਾ ਹਾਂ: ''ਸੋ ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ'' (2 ਕੁਰਿੰਥੀਆਂ 5:17)। ''ਯਿਸੂ ਮਸੀਹ ਵਿਚ'' ਸਾਨੂੰ ਹਮੇਸ਼ਾ ਦੀ ਜ਼ਿੰਦਗੀ ਮਿਲਦੀ ਹੈ: ''ਇਸ ਕਾਰਨ ਮੈਂ ਚੁਣਿਆਂ ਹੋਇਆਂ ਲੋਕਾਂ ਲਈ ਸੱਭੋ ਕੁਝ ਸਹਿੰਦਾ ਹਾਂ ਭਈ ਓਹ ਭੀ ਉਸ ਮੁਕਤੀ ਨੂੰ ਜਿਹੜੀ ਮਸੀਹ ਯਿਸੂ ਵਿਚ ਹੈ ਸਦੀਪਕ ਤੇਜ ਸਣੇ ਪ੍ਰਾਪਤ ਕਰਨ'' (2 ਤਿਮੋਥਿਉਸ 2:10)।

ਦੂਜਾ, ''ਮਸੀਹ ਵਿਚ'' ਸਾਨੂੰ *ਪੁੱਤਰ ਹੋਣ* ਦੀਆਂ ਬਰਕਤਾਂ ਮਿਲਦੀਆਂ ਹਨ। ''ਮਸੀਹ ਯਿਸੂ ਵਿਚ'' ਸਾਡੀ ਪਿਤਾ ਤਕ ਪੂਰੀ ਪਹੁੰਚ ਹੁੰਦੀ ਹੈ: ''ਪਰ ਹੁਣ ਮਸੀਹ ਯਿਸੂ ਵਿਚ ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੋ''; ''ਕਿਉਂ ਜੋ ਉਸੇ ਦੇ ਦੁਆਰਾ ਇੱਕੋ ਆਤਮਾ ਵਿਚ ਪਿਤਾ ਵੱਲ ਅਸਾਂ ਦੋਹਾਂ ਦੀ ਢੋਈ ਹੁੰਦੀ ਹੈ'' (ਅਫ਼ਸੀਆਂ 2:13, 18)। ''ਉਸ ਵਿਚ'' ਸਾਨੂੰ ਸਦੀਪਕ ਮੀਰਾਸ ਮਿਲਦੀ ਹੈ: ''ਹਾਂ, ਓਸੇ ਵਿਚ ਅਸੀਂ ਵੀ ਉਹ ਦੀ ਧਾਰਣਾ ਮੂਜਬ ਜਿਹੜਾ ਆਪਣੀ ਇੱਛਾ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ ਅਧਕਾਰ ਬਣ ਗਏ'' (ਅਫ਼ਸੀਆਂ 1:10, 11)।

ਤੀਜਾ, ਮਸੀਹ ਵਿਚ ਸਾਨੂੰ ਸੁਰੱਖਿਆ ਨਾਲ ਜੁੜੀਆਂ ਅਸੀਸਾਂ ਮਿਲਦੀਆਂ ਹਨ। ''ਓਸੇ ਵਿਚ'' ਸਾਡੇ ਤੇ ਪਵਿੱਤਰ ਆਤਮਾ ਨਾਲ ਮੋਹਰ ਹੁੰਦੀ ਹੈ: ''ਉਸ ਵਿਚ ਜਿਸ ਵੇਲੇ ਤੁਸਾਂ ਸਚਿਆਈ ਦਾ ਵਚਨ ਅਰਥਾਤ ਆਪਣੀ ਮੁਕਤੀ ਦੀ ਖੁਸ਼ਖਬਰੀ ਸੁਣੀ ਅਤੇ ਉਸ ਵਿਚ ਨਿਹਚਾ ਭੀ ਕੀਤੀ ਤਾਂ ਵਾਇਦੇ ਦੇ ਪਵਿੱਤਰ ਆਤਮਾ

ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ'' (ਅਫ਼ਸੀਆਂ 1:13)। ''ਮਸੀਹ ਵਿਚ'' ਅਸੀਂ ਸਜ਼ਾ ਤੋਂ ਛੁੱਟ ਜਾਂਦੇ ਹਾਂ: ''ਸੋ ਹੁਣ ਉਨ੍ਹਾਂ ਲਈ ਜਿਹੜੇ ਮਸੀਹ ਯਿਸੂ ਵਿਚ ਹਨ ਸਜ਼ਾ ਦਾ ਹੁਕਮ ਨਹੀਂ ਹੈ'' (ਰੋਮੀਆਂ 8:1)।

ਸਾਡੇ ਸੁਰਗੀ ਪਿਤਾ ਨੇ ਸਾਰੀਆਂ ਰੂਹਾਨੀ ਅਸੀਸਾਂ ਰੱਖਣ ਲਈ ਮਸੀਹ ਦੀ ਦੇਹ ਨੂੰ ਹੀ ਚੁਣਿਆ ਹੈ। ਉਹਦੇ ਛੁਟਕਾਰੇ ਦੇ ਦਾਨਾਂ ਨੂੰ ਸਿਰਫ਼ ਉਹੀ ਲੋਕ ਲੈ ਸਕਦੇ ਹਨ ਜੋ ਉਹਦੀ ਦੇਹ ਵਿਚ ਸ਼ਾਮਿਲ ਹੁੰਦੇ ਅਤੇ ਬਣੇ ਰਹਿੰਦੇ ਹਨ।

ਪੁਰਾਣੇ ਨੇਮ ਦੀ ਇਸ ਮਿਸਾਲ ਤੇ ਵਿਚਾਰ ਕਰੋ। ਇਸਰਾਏਲੀ ਮਿਸਰ ਨੂੰ ਛੱਡਣ ਅਤੇ ਵਾਅਦੇ ਦੇ ਦੇਸ਼ ਵਿਚ ਜਾਣ ਦੀ ਤਿਆਰੀ ਕਰ ਰਹੇ ਹਨ। ਪਹਿਲੇ ਪਸਾਹ ਦਾ ਵੇਲਾ ਹੈ। ਖ਼ੁਦਾ ਨੇ ਇਸਰਾਏਲੀਆਂ ਨੂੰ ਆਪਣੇ ਘਰਾਂ ਦੇ ਦਰਵਾਜ਼ਿਆਂ ਦੀਆਂ ਚੌਗਾਠਾਂ ਦੇ ਸੇਰੂ ਅਤੇ ਦੋਹਾਂ ਬਾਹੀਆਂ ਤੇ ਪਸਾਹ ਦੇ ਲੇਲੇ ਦਾ ਲਹੂ ਲਾਉਣ ਅਤੇ ਪਸਾਹ ਦੀ ਸ਼ਾਮ ਆਪਣੇ ਘਰਾਂ ਵਿਚ ਰਹਿਣ ਦਾ ਹੁਕਮ ਦਿੱਤਾ ਹੈ (ਕੂਚ 12:22)। ਖ਼ੁਦਾ ਦੇ ਉੱਥੋਂ ਲੰਘਣ ਤੇ ਹੁਕਮ ਨਾ ਮੰਨਣ ਵਾਲਿਆਂ ਨੂੰ ਆਪਣੇ ਪਲੌਠੇ ਦੀ ਮੌਤ ਸਹਿਣੀ ਪਏਗੀ। ਉਹ ਆਉਣ ਵਾਲੀ ਇਤਿਹਾਸਿਕ ਸ਼ਾਮ ਕਿੰਨੀ ਗੰਭੀਰ ਹੋਵੇਗੀ! ਹਰ ਇਸਰਾਏਲੀ ਪਰਿਵਾਰ ਸਾਰੀ ਰਾਤ ਸਾਵਧਾਨ ਰਹੇਗਾ! ਸ਼ਾਮ ਢਲਣ ਤੋਂ ਥੋੜ੍ਹਾ ਪਹਿਲਾਂ ਅਸੀਂ ਕਿਸੇ ਪਲੌਠੇ ਪੁੱਤਰ ਦੁਆਰਾ ਆਪਣੇ ਪਿਤਾ ਨੂੰ ਇਹ ਪੁੱਛਣ ਦੀ ਕਲਪਨਾ ਕਰ ਸਕਦੇ ਹਾਂ, ''ਪਿਤਾ ਜੀ, ਤੁਸੀਂ ਦਰਵਾਜ਼ੇ ਦੇ ਸੇਰੂ ਅਤੇ ਬਾਹੀਆਂ ਤੇ ਲਹੂ ਲਾ ਦਿੱਤਾ ਸੀ ਨਾ?'' ਪਿਤਾ ਜਵਾਬ ਦਿੰਦਾ ਹੈ, ''ਹਾਂ ਪੁੱਤਰ! ਮੈਂ ਆਪੇ ਲਾਇਆ ਸੀ। ਲਹੂ ਲੱਗਾ ਹੋਇਆ ਹੈ।'' ਥੋੜ੍ਹੀ ਦੇਰ ਬਾਅਦ ਪੁੱਤਰ ਫੇਰ ਪੁੱਛਦਾ ਹੈ, ''ਪਿਤਾ ਜੀ, ਤੁਹਾਨੂੰ ਨਹੀਂ ਲੱਗਦਾ ਕਿ ਸਾਨੂੰ ਠੀਕ-ਠੀਕ ਸਮਝ ਲੈਣਾ ਚਾਹੀਦਾ ਸੀ, ਤੁਸੀਂ ਲਾਇਆ ਵੀ ਸੀ? ਸ਼ਾਮ ਹੋਣ ਵਾਲੀ ਹੈ, ਸਾਨੂੰ ਆਪਣੇ ਘਰ ਦੇ ਅੰਦਰ ਹੀ ਰਹਿਣਾ ਹੈ, ਫਿਰ ਅਸੀਂ ਇਸ ਦੀ ਜਾਂਚ ਵੀ ਨਹੀਂ ਕਰ ਸਕਾਂਗੇ।'' ਪਿਤਾ ਆਖਦਾ ਹੈ, ਚੰਗਾ! ''ਮੈਂ ਵੇਖ ਕੇ ਆਉਂਦਾ ਹਾਂ ਕਿ ਸਭ ਕੁਝ ਠੀਕ ਠਾਕ ਹੋਇਆ ਜਾਂ ਨਹੀਂ।'' ਪਿਤਾ ਜਾਂਚ ਕਰਕੇ ਤਸਦੀਕ ਕਰਦਾ ਹੈ ਕਿ ਉਸਨੇ ਦਰਵਾਜ਼ੇ ਦੇ ਸੇਰੂ ਅਤੇ ਬਾਹੀਆਂ ਤੇ ਖ਼ੁਦਾ ਦੇ ਹੁਕਮ ਦੇ ਅਨੁਸਾਰ ਲਹੂ ਲਾ ਦਿੱਤਾ ਹੈ। ਪਿਤਾ ਇਸ ਭਰੋਸੇ ਦੇ ਨਾਲ ਆਪਣੇ ਬੇਟੇ ਨੂੰ ਤਸੱਲੀ ਦੇਣ ਦੇ ਲਈ ਮੁੜਦਾ ਹੈ: ''ਸਭ ਕੁਝ ਠੀਕ-ਠਾਕ ਹੈ ਬੇਟਾ! ਅਸੀਂ ਖ਼ੁਦਾ ਦੇ ਹੁਕਮਾਂ ਦੇ ਅਨੁਸਾਰ ਕਰ ਦਿੱਤਾ ਹੈ। ਤੁਸੀਂ ਖ਼ੁਦਾ ਦੀ ਇੱਛਿਆ ਵਿਚ ਸੁਰੱਖਿਅਤ ਹੋ।''

ਉਹ ਪਿਤਾ ਆਪਣੇ ਪੁੱਤਰ ਨੂੰ ਇਹ ਤਸੱਲੀ ਦੇ ਸਕਦਾ ਸੀ ਕਿਉਂਕਿ ਉਹ ਖ਼ੁਦਾ ਦੇ ਹੁਕਮਾਂ ਦੇ ਦਾਇਰੇ ਵਿਚ ਰਹਿ ਰਹੇ ਸਨ। ਉਸੇ ਤਰ੍ਹਾਂ ''ਮਸੀਹ ਵਿਚ'' ਅਸੀਂ ਖ਼ੁਦਾ ਦੀ ਮਰਜ਼ੀ ਦੇ ਦਾਇਰੇ ਵਿਚ ਹੁੰਦੇ ਹਾਂ। ਜੇ ਅਸੀਂ ਉਹਦੇ ਪੁੱਤਰ ਤੇ ਈਮਾਨ ਵਿਚ ਬਣੇ ਰਹਿੰਦੇ ਹਾਂ ਤਾਂ ਸਾਡਾ ਪਿਤਾ ਸਾਡੀਆਂ ਸਾਰੀਆਂ ਰੂਹਾਨੀ ਲੋੜਾਂ ਪੂਰੀਆਂ ਕਰੇਗਾ।

## ਵਾਅਦੇ ਦੀ ਥਾਂ

ਤੀਜਾ, ਭਵਿੱਖ ਲਈ ਸਾਡੀ ਇੱਕੋ ਉਮੀਦ ''ਮਸੀਹ ਵਿਚ'' ਹੈ। ਇਸ ਜ਼ਿੰਦਗੀ ਲਈ, ਸੱਚੇ ਅਚੁੱਕ ਆਗੂ ਦੇ ਰੂਪ ਵਿਚ ਇਨਸਾਨੀ ਬੁੱਧ ਨਾਕਾਮ ਹੋ ਜਾਂਦੀ ਹੈ, ਪਰ ਮਸੀਹ ਵਿਚ ''ਬੁੱਧ ਅਤੇ ਗਿਆਨ ਦੇ ਸਾਰੇ ਭੰਡਾਰ ਲੁਕੇ ਹੋਏ ਹਨ'' (ਕੁਲੁੱਸੀਆਂ 2:3)। ਇਸ ਸੰਸਾਰ ਦਾ ਖਾਤਮਾ ਤਾਂ ਤੈਅ ਹੈ (2 ਪਤਰਸ 3:10)। ਇਸ ਲਈ ਇਸ ਦੁਨੀਆਂ ਤੇ ਅਧਾਰਤ ਹਰ ਉਮੀਦ ਅਖ਼ੀਰ ਮਿਟ ਜਾਏਗੀ, ਪਰ ''ਮਸੀਹ ਵਿਚ'' ਸਾਨੂੰ ਸਦੀਪਕ ਜੀਵਨ ਭਾਵ ਨਾ ਮੁੱਕਣ ਵਾਲੀ ਮੀਰਾਸ ਮਿਲਦੀ ਹੈ (ਅਫ਼ਸੀਆਂ 1:11)।

ਮਸੀਹ ਵਿਚ ਸਾਡੀ ਉਮੀਦ ਵਿਖੇ ਯੂਹੰਨਾ ਨੇ ਲਿਖਿਆ ਹੈ, ''ਅਤੇ ਉਹ ਸਾਖੀ ਇਹ ਹੈ ਭਈ ਪਰਮੇਸ਼ੁਰ ਨੇ ਸਾਨੂੰ ਸਦੀਪਕ ਜੀਵਨ ਦਿੱਤਾ ਅਤੇ ਇਹ ਜੀਵਨ ਉਹ ਦੇ ਪੁੱਤਰ ਵਿਚ ਹੈ'' (1 ਯੂਹੰਨਾ 5:11)। ਸਾਨੂੰ ਇਹ ਸਦੀਪਕ ਜੀਵਨ ਦੋ ਤਰ੍ਹਾਂ ਦੇ ਭਾਵ ਇਸ ਦੁਨੀਆਂ ਵਿਚਲੀ ਜ਼ਿੰਦਗੀ ਅਤੇ ਆਉਣ ਵਾਲੀ ਦੁਨੀਆਂ ਵਿਚ ਹਮੇਸ਼ਾ ਦੀ ਜ਼ਿੰਦਗੀ ਦੇ ਰੂਪ ਵਿਚ ਮਿਲਦਾ ਹੈ। ਮਸੀਹ ਵਿਚ ਸਾਨੂੰ ਇਸ

ਜੀਵਨ ਅਤੇ ਆਉਣ ਵਾਲੇ ਜੀਵਨ ਵਿਚ ਉਮੀਦ ਹੈ ਅਰਥਾਤ ਭਰਪੂਰੀ ਦਾ ਜੀਵਨ ਹੁਣ ਅਤੇ ਸੁਰਗ ਵਿਚ ਸਦੀਪਕ ਜੀਵਨ। ਯਿਸੂ ਨੇ ਕਿਹਾ, ''ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ'' (ਯੂਹੰਨਾ 10:10)। ਯੂਹੰਨਾ ਨੇ ਹੋਰ ਕਿਹਾ, ''ਜਿਹ ਦੇ ਕੋਲ ਪੁੱਤਰ ਹੈ ਉਹ ਦੇ ਕੋਲ ਜੀਵਨ ਹੈ। ਜਿਹ ਦੇ ਕੋਲ ਪਰਮੇਸ਼ੁਰ ਦਾ ਪੁੱਤਰ ਨਹੀਂ ਹੈ ਉਹ ਦੇ ਕੋਲ ਜੀਵਨ ਵੀ ਨਹੀਂ'' (1 ਯੂਹੰਨਾ 5:12)। ਇਸ ਤੋਂ ਵੀ ਅੱਗੇ ਯੂਹੰਨਾ ਨੇ ਲਿਖਿਆ ਹੈ, ''ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ ਅਰਥਾਤ ਤੁਹਾਨੂੰ ਜਿਹੜੇ ਪਰਮੇਸ਼ੁਰ ਦੇ ਪੁੱਤਰ ਦੇ ਨਾਮ ਉੱਤੇ ਨਿਹਚਾ ਕਰਦੇ ਹੋ ਭਈ ਤੁਸੀਂ ਜਾਣੋ ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ ਹੈ'' (1 ਯੂਹੰਨਾ 5:13)।

ਪੁਰਾਣੇ ਨੇਮ ਦੀ ਬਿਵਸਥਾ ਦੇ ਅਨੁਸਾਰ, ਅਣਜਾਣੇ ਵਿਚ ਕਿਸੇ ਦਾ ਕਤਲ ਕਰਨ ਵਾਲਾ ਇਨਸਾਨ ''ਲਹੂ ਦਾ ਬਦਲਾ ਲੈਣ ਵਾਲੇ'' ਇਨਸਾਨ ਤੋਂ ਜੋ ਆਪਣੇ ਰਿਸ਼ਤੇਦਾਰ ਦੇ ਕਤਲ ਦਾ ਬਦਲਾ ਲੈਣਾ ਚਾਹੁੰਦਾ ਹੋਵੇ, ਤੋਂ ਬਚਣ ਲਈ ਪਨਾਹ ਨਗਰ ਵਿਚ ਭੱਜ ਸਕਦਾ ਸੀ (ਯਹੋਸ਼ੁਆ 20)। ਜਦ ਤਕ ਉਹ ਪਨਾਹ ਨਗਰ ਵਿਚ ਰਹਿੰਦਾ ਸੀ ਤਦ ਤਕ ਉਹ ਸੁਰੱਖਿਅਤ ਹੁੰਦਾ ਸੀ। ਉਸ ਨਗਰ ਵਿਚ ਉਹ ਸਾਧਾਰਣ ਜੀਵਨ ਅਤੇ ਆਮ ਭਵਿੱਖ ਪਾ ਸਕਦਾ ਸੀ। ਜੇ ਉਹ ਉਸ ਨਗਰ ਨੂੰ ਛੱਡ ਜਾਏ ਤਾਂ ਬਦਲਾ ਲੈਣ ਵਾਲਾ ਉਹਦਾ ਪਿੱਛਾ ਕਰਕੇ ਉਹਨੂੰ ਮਾਰ ਸਕਦਾ ਸੀ। ਉਸਦਾ ਜੀਵਨ ਤੇ ਭਵਿੱਖ ਸਿਰਫ਼ ਉਸੇ ਪਨਾਹ ਨਗਰ ਵਿਚ ਸੁਰੱਖਿਅਤ ਸੀ।

ਉਸੇ ਤਰ੍ਹਾਂ ਸਾਡੀ ਉਮੀਦ ਸਿਰਫ਼ ''ਮਸੀਹ ਵਿਚ'' ਹੈ। ਉਸਦੇ ਬਾਹਰ ਸਾਡੇ ਲਈ ਉਹ ਪ੍ਰਬੰਧ ਨਹੀਂ ਹੈ ਜੋ ਸਾਨੂੰ ਸੰਸਾਰ ਵਿਚ ਭਰਪੂਰੀ ਦਾ ਜੀਵਨ ਜਾਂ ਸਦੀਪਕ ਜੀਵਨ ਲਈ ਸੁਰੱਖਿਅਤ ਉਮੀਦ ਦਵਾ ਸਕੇ। ਪੌਲੁਸ ਆਖਦਾ ਹੈ ਕਿ ਗ਼ੈਰਕੌਮਾਂ ਦੇ ਲੋਕ ਜੋ ਮਸੀਹ ਤੋਂ ਵੱਖ ਕੀਤੇ ਹੋਏ ਸੀ ਸੰਸਾਰ ਵਿਚ ਉਮੀਦ ਰਹਿਤ ਸਨ (ਅਫ਼ਸੀਆਂ 2:12)। ਇਸੇ ਤਰ੍ਹਾਂ, ਮਸੀਹ ਤੋਂ ਬਾਹਰ ਰਹਿਣ ਵਾਲਾ ਬੰਦਾ ਸੰਸਾਰ ਵਿਚ ਬੇ-ਉਮੀਦ ਹੈ।

## ਸਾਰ

''ਮਸੀਹ ਵਿਚ'' ਵਾਕ ਅੰਸ਼ ਦੀ ਮਹੱਤਤਾ ਦੀ ਰੌਸ਼ਨੀ ਵਿਚ, ਇਹ ਸਵਾਲ ''ਕਿ ਅਸੀਂ ਮਸੀਹ ਵਿਚ ਕਿਵੇਂ ਆ ਸਕਦੇ ਹਾਂ?'' ਨਾ ਪੁੱਛਕੇ ਅਸੀਂ ਮੂਰਖਤਾ ਹੀ ਕਰਾਂਗੇ। ਸਾਡੇ ਸਵਾਲ ਦਾ ਜਵਾਬ ਦੋ ਆਇਤਾਂ ਵਿਚ ਦਿੱਤਾ ਗਿਆ ਹੈ। ਪਹਿਲਾਂ, ਪੌਲੁਸ ਨੇ ਰੋਮੀਆਂ 6:3 ਵਿਚ ਆਖਿਆ ਹੈ ਕਿ ਨਵੇਂ ਨੇਮ ਦੇ ਬਪਤਿਸਮੇ ਦੁਆਰਾ ਮਸੀਹ ਵਿਚ ਲਿਆਂਦਾ ਜਾਂਦਾ ਹੈ: ''ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ?'' ਦੂਜਾ, ਮਸੀਹ ਪੌਲੁਸ ਨੇ ਸਾਨੂੰ ਗਲਾਤੀਆਂ 3:27 ਵਿਚ ਇਹ ਸਚਿਆਈ ਦੱਸੀ ਹੈ, ''ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ।''

ਮਸੀਹ ਤੇ ਵਿਸ਼ਵਾਸ ਕਰਕੇ, ਪਾਪ ਤੋਂ ਤੌਬਾ ਕਰਕੇ ਅਤੇ ਖ਼ੁਦਾ ਵੱਲ ਮੁੜਕੇ ਯਿਸੂ ਨੂੰ ਮੰਨ ਕੇ ਅਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣ ਤੇ ਖ਼ੁਦਾ ਦੀ ਕਿਰਪਾ ਵਾਲੇ ਕੰਮਾਂ ਰਾਹੀਂ ਅਸੀਂ ਮਸੀਹ ਵਿਚ ਲਿਆਂਦੇ ਜਾਂਦੇ ਹਾਂ। ਸਾਡੀ ਸਥਿਤੀ ਇਕ ਦਮ ਬਦਲ ਜਾਂਦੀ ਹੈ, ਕਿਉਂਕਿ ਸਾਨੂੰ ਖ਼ਾਸ ਅਧਿਕਾਰ, ਉਪਾਅ ਅਤੇ ਵਾਅਦੇ ਦੀ ਥਾਂ ਤੇ ਲਿਆਂਦਾ ਗਿਆ ਹੈ। ਸਾਡੀ *ਹਾਲਤ* ਲਗਾਤਾਰ ਦਿਨ-ਬ-ਦਿਨ ਖ਼ੁਦਾ ਦੇ ਵਚਨ ਨੂੰ ਖਾ ਕੇ, ਮਸੀਹ ਅਤੇ ਖ਼ੁਦਾ ਦੇ ਪਰਿਵਾਰ ਨਾਲ ਸੰਗਤੀ ਕਰਕੇ ਅਤੇ ਰੌਸ਼ਨੀ ਵਿਚ ਚੱਲਦਿਆਂ ਅਤੇ ਵੱਧਦਿਆਂ ਬਦਲਦੀ ਹੀ ਜਾਂਦੀ ਹੈ।

ਮੈਂ ਇਕ ਡਿਨੋਮੀਨੇਸ਼ਨ ਬਾਰੇ ਪੜ੍ਹਿਆ ਹੈ ਜਿਸ ਨੂੰ ਆਪਣੀ ਜ਼ਮੀਨ ਵਿਚ ਇਕ ਤੇਲ ਦਾ ਖੂਹ ਮਿਲ ਗਿਆ ਸੀ, ਜਿਸ ਵਿੱਚੋਂ ਆਪਣੇ ਆਪ ਤੇਲ ਨਿੱਕਲਦਾ ਸੀ ਅਤੇ ਉਹ ਕਲੀਸੀਆ ਵੇਖਦਿਆਂ ਹੀ

ਵੇਖਦਿਆਂ ਬਹੁਤ ਅਮੀਰ ਹੋ ਗਈ। ਉਨ੍ਹਾਂ ਨੇ ਫ਼ਟ ਨਵੇਂ ਲੋਕਾਂ ਨੂੰ ਕਲੀਸੀਆ ਦੀ ਮੈਂਬਰੀ ਦੇਣੀ ਬੰਦ ਕਰ ਦਿੱਤੀ ਅਤੇ ਹਰ ਮਹੀਨੇ ਮਿਲਣ ਵਾਲੇ ਲਾਭ ਨੂੰ ਆਪਣੇ ਮੈਂਬਰਾਂ ਵਿਚ ਬਰਾਬਰ ਵੰਡਣ ਦਾ ਫ਼ੈਸਲਾ ਕਰ ਲਿਆ। ਇਹ ਕਲੀਸੀਆ ਇਕ ਕਾਰੋਬਾਰ ਬਣ ਗਈ ਅਤੇ ਇਸ ਵਿਚ ਰਹਿਣ ਵਾਲਿਆਂ ਨੂੰ ਬਹੁਤ ਸਾਰਾ ਮਾਲੀ ਫ਼ਾਇਦਾ ਹੋਣ ਲੱਗਾ।

ਨਵੇਂ ਨੇਮ ਦੀ ਕਲੀਸੀਆ ਇਸ ਫ਼ਿਰਕੂ ਕਲੀਸੀਆ ਨਾਲੋਂ ਅਤੇ ਹੋਰ ਸਭ ਫ਼ਿਰਕੂ ਕਲੀਸੀਆਵਾਂ ਨਾਲੋਂ ਬਹੁਤ ਫ਼ਰਕ ਹੈ। ਇਹ ਸੁਰਗੀ ਧਨ ਨਾਲ ਭਰਪੂਰ ਮਸੀਹ ਦੀ ਰੂਹਾਨੀ ਦੇਹ ਹੈ। ਇਸ ਦੀ ਮੈਂਬਰਸ਼ਿਪ ਕਦੀ ਬੰਦ ਨਹੀਂ ਹੋ ਸਕਦੀ। ਖ਼ੁਸ਼ਖਬਰੀ ਨੂੰ ਮੰਨਣ ਵਾਲਾ ਹਰ ਇਨਸਾਨ ਇਸ ਵਿਚ ਦਾਖ਼ਲ ਹੋ ਕੇ ਖ਼ੁਦਾ ਵੱਲੋਂ ਦਿੱਤੀਆਂ ਗਈਆਂ ਬਰਕਤਾਂ ਵਿੱਚੋਂ ਲੈ ਸਕਦਾ ਹੈ। ਹਰ ਮੈਂਬਰ ਦੀ ਯਿਸੂ ਦੇ ਰਾਹੀਂ ਹਰ ਵੇਲੇ ਸਾਰੀਆਂ ਰੂਹਾਨੀ ਬਰਕਤਾਂ ਪਾਉਣ ਲਈ ਆਤਮਾ ਦੁਆਰਾ ਅਜ਼ਾਦ ਪਹੁੰਚ ਹੈ। ਸੁਰਗ ਦਾ ਬੈਂਕ ਕਦੇ ਵੀ ਬੰਦ ਜਾਂ ਅਜਿਹਾ ਨਹੀਂ ਮਿਲੇਗਾ ਜਿਸ ਵਿਚ ਰੂਹਾਨੀ ਭੰਡਾਰਾਂ ਦੀ ਥੁੜ ਹੋਵੇ।

ਮਸੀਹ ਵਿਚ ਆਉਣ ਵਾਲੇ ਇਨਸਾਨ ਨੂੰ ਖ਼ੁਦਾ ਦੀ ਔਲਾਦ ਹੋਣ ਦੇ ਕਾਰਣ, ਸਭ ਰੂਹਾਨੀ ਬਰਕਤਾਂ ਅਤੇ ਹਮੇਸ਼ਾ ਦੀ ਜ਼ਿੰਦਗੀ ਦੀ ਆਸ ਮਿਲਦੀ ਹੈ। ਇਸ ਲਈ ਜ਼ਰੂਰ ਹੀ ''ਭਲਾ ਤੁਸੀਂ ਮਸੀਹ 'ਚ ਹੋ?'' ਨਾਲੋਂ ਵੱਡਾ ਸਵਾਲ ਨਹੀਂ ਹੋ ਜਾ ਸਕਦਾ।

## ਅਧਿਐਨ ਅਤੇ ਚਰਚਾ ਲਈ ਸਵਾਲ

1. ਨਵੇਂ ਨੇਮ ਵਿਚ ''ਮਸੀਹ ਵਿਚ'' ਵਾਕ ਅੰਸ਼ ਨੂੰ ਕਿਵੇਂ-ਕਿਵੇਂ ਵਰਤਿਆ ਗਿਆ ਹੈ।
2. ''ਮਸੀਹ ਵਿਚ'' ਅਤੇ ''ਕਲੀਸੀਆ ਵਿਚ'' ਵਾਕ ਅੰਸ਼ ਦੀ ਤੁਲਨਾ ਕਰੋ।
3. ਅਫ਼ਸੀਆਂ 1:4-6 ਵਿਚ ਉਸ ਪਹਿਲਾਂ ਤੋਂ ਠਹਿਰਾਏ ਹੋਣ (ਪ੍ਰੀਡੈਸਟੀਨੇਸ਼ਨ) ਦੀ ਵਿਆਖਿਆ ਕਰੋ ਜਿਸ ਬਾਰੇ ਪੌਲੁਸ ਨੇ ਲਿਖਿਆ ਹੈ।
4. ਨੂਹ ਅਤੇ ਉਹਦੇ ਪਰਿਵਾਰ ਅਤੇ ਪਰਲੋ ਨਾਲ ਪਹਿਲਾਂ ਤੋਂ ਠਹਿਰਾਏ ਹੋਣ ਦੀ ਧਾਰਣਾ ਦਾ ਸਬੰਧ ਦੱਸੋ।
5. ''ਮਸੀਹ ਵਿਚ'' ਮਿਲਣ ਵਾਲੀਆਂ ਕੁਝ ਖ਼ਾਸ ਬਰਕਤਾਂ ਦੱਸੋ ਅਤੇ ਉਨ੍ਹਾਂ ਵਿੱਚੋਂ ਹਰੇਕ ਦਾ ਸੰਖੇਪ ਵਰਣਨ ਕਰੋ।
6. ''ਭਰਪੂਰੀ ਦੀ ਜ਼ਿੰਦਗੀ'' ਅਤੇ ''ਹਮੇਸ਼ਾ ਦੀ ਜ਼ਿੰਦਗੀ'' ਵਿਚ ਸਬੰਧ ਦੱਸੋ।
7. ਪਨਾਹ ਨਗਰਾਂ ਅਤੇ ਪੁਰਾਣੇ ਨੇਮ ਦੇ ਯੁੱਗ ਦੇ ਉਨ੍ਹਾਂ ਦੇ ਕੰਮ ਦਾ ਬਿਆਨ ਕਰੋ।
8. ''ਮਸੀਹ ਵਿਚ'' ਹੋਣ ਦੇ ਸਬੰਧ ਵਿਚ ਅਫ਼ਸੀਆਂ 2:12 ਦੀ ਵਿਆਖਿਆ ਕਰੋ।
9. ਰੋਮੀਆਂ 6:3 ਮਸੀਹ ਵਿਚ ਸ਼ਾਮਿਲ ਹੋਣ ਬਾਰੇ ਕੀ ਆਖਦਾ ਹੈ?
10. ਗਲਾਤੀਆਂ 3:27 ਮਸੀਹ ਵਿਚ ਹੋਣ ਬਾਰੇ ਕੀ ਕਹਿੰਦਾ ਹੈ?
11. ਮਸੀਹ ਵਿਚ ਸਾਡੀ ਸਥਿਤੀ ਦੀ ਮਸੀਹ ਵਿਚ ਸਾਡੀ ਹਾਲਤ ਨਾਲ ਤੁਲਨਾ ਕਰੋ।
12. ਸਾਨੂੰ ਕਿਵੇਂ ਭਰੋਸਾ ਹੈ ਕਿ ਅਸੀਂ ''ਮਸੀਹ ਵਿਚ'' ਹਾਂ?

---

ਟਿੱਪਣੀ

[1]ਅੰਤਿਕਾ 3 ਵਿਚ ਨਵੇਂ ਨੇਮ ਵਿਚ ''ਮਸੀਹ ਵਿਚ'' ਅਤੇ ਇਹਦੇ ਵਰਗੇ ਸ਼ਬਦਾਂ ਦੀ ਥਾਂ ਦੱਸੀ ਗਈ ਹੈ ਕਿ ਉਹ ਕਿੱਥੇ-ਕਿੱਥੇ ਵਰਤੇ ਗਏ ਹਨ। ਇਸ ਲਿਸਟ ਨਾਲ ਤੁਹਾਨੂੰ ਇਸ ਵਾਕ ਅੰਸ਼ ਦੀ ਵਰਤੋਂ ਧਿਆਨ ਨਾਲ ਕਰਨ ਅਤੇ ਕਲੀਸੀਆ ਦੇ ਸ਼ਾਨਦਾਰ ਅਰਥ ਤੇ ਵਿਚਾਰ ਕਰਨ ਦਾ ਮੌਕਾ ਮਿਲ ਸਕਦਾ ਹੈ।